


# ਸਾਡੇ ਸਕੂਲ ਵਿੱਚ ਜੀ ਆਇਆਂ ਨੂੰ !

## ਤੁਹਾਡੇ ਪਰਿਵਾਰ ਵਲੋਂ ਸਾਡੇ ਸਕੂਲ ਭਾਈਚਾਰੇ ਵਿੱਚ ਸ਼ਾਮਲ ਹੋਣ ਦੀ ਸਾਨੂੰ ਖੁਸ਼ੀ ਹੈ !

ਸਰੀ ਬ੍ਰਿਟਿਸ਼ ਕੋਲੰਬੀਆ ਵਿੱਚ ਮੂਲਵਾਸੀਆਂ ਦੀ ਸਭ ਤੋਂ ਵੱਡੀ ਸ਼ਹਿਰੀ ਅਬਾਦੀ ਦਾ ਘਰ ਹੈ ਅਤੇ ਅਸੀਂ ਸਰੀ ਅਤੇ ਵਾਈਟ ਰੌਕ ਵਿੱਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਾਲਾ ਸੂਬੇ ਦਾ ਸਭ ਤੋਂ ਵੱਡਾ ਸਕੂਲ ਡਿਸਟ੍ਰਿਕਟ ਹਾਂ।

ਇਹ ਯਕੀਨੀ ਬਣਾਉਣ ਲਈ ਕਿ ਹਰ ਬੱਚੇ ਦੀ ਉਹਨਾਂ ਸਾਰੀਆਂ ਚੀਜ਼ਾਂ ਤੱਕ ਪਹੁੰਚ ਹੋਵੇ ਜਿਸ ਦੀ ਉਸ ਨੂੰ ਪ੍ਰਫੁਲਤ ਹੋਣ ਲਈ ਲੋੜ ਹੈ, ਸਾਡੇ ਕੋਲ ਬਹੁਤ ਸਾਰੇ ਪ੍ਰੋਗਰਾਮ ਅਤੇ ਸੇਵਾਵਾਂ ਹਨ, ਸਮੇਤ ਹੇਠ ਲਿਖਿਆਂ ਦੇ:

- ਮਦਦ ਦੀ ਲੋੜ ਵਾਲੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਖਾਣੇ ਦੇ ਪ੍ਰੋਗਰਾਮ
- ਉਹਨਾਂ ਲੋਕਾਂ ਲਈ ਭਾਸ਼ਾ ਦੀਆਂ ਸੇਵਾਵਾਂ ਜਿਹਨਾਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ
- ਸਮਾਜਕ, ਵਿਦਿਅਕ, ਕੈਰੀਅਰ ਨਾਲ ਸੰਬੰਧਿਤ ਅਤੇ ਹੋਰ ਚੁਣੌਤੀਆਂ ਵਾਲੇ ਵਿਦਿਆਰਥੀਆਂ ਲਈ ਕਾਊਂਸਲਿੰਗ ਦੀਆਂ ਸੇਵਾਵਾਂ
- ਵੱਖ-ਵੱਖ ਤਰ੍ਹਾਂ ਦੀਆਂ ਯੋਗਤਾਵਾਂ ਅਤੇ ਲੋੜਾਂ ਵਾਲੇ ਵਿਦਿਆਰਥੀਆਂ ਲਈ ਮਦਦ, ਸਮੇਤ ਇਕ ਨਿੱਜੀ ਵਿਦਿਅਕ ਪਲੈਨ (ਇਨਡਿਵਿਜੁਅਲ ਐਜੂਕੇਸ਼ਨ ਪਲੈਨ-ਆਈ ਈ ਪੀ) ਤਿਆਰ ਕਰਨ ਦੇ, ਜਿਸ ਵਿੱਚ ਬੱਚੇ ਦੀਆਂ ਮਜ਼ਬੂਤੀਆਂ, ਲੋੜਾਂ, ਟੀਚਿਆਂ ਅਤੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਚਾਹੀਦੀਆਂ ਮਦਦਾਂ ਅਤੇ ਸੇਵਾਵਾਂ ਦੀ ਪਛਾਣ ਕੀਤੀ ਗਈ ਹੁੰਦੀ ਹੈ
- ਮੂਲਵਾਸੀਆਂ ਲਈ ਸਿੱਖਣ ਦੀਆਂ ਸੇਵਾਵਾਂ ਜਿਹੜੀਆਂ ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਦੇ ਮੂਲਵਾਸੀ ਵਿਦਿਆਰਥੀਆਂ ਨੂੰ ਵਾਧੂ ਮਦਦਾਂ ਪ੍ਰਦਾਨ ਕਰ ਸਕਦੀਆਂ ਹਨ
- ਕੈਨੇਡਾ ਵਿੱਚ ਆਉਣ ਵਾਲੇ ਨਵੇਂ ਪਰਿਵਾਰਾਂ ਲਈ ਵੈਲਕਮ ਸੈਂਟਰ, ਜਿੱਥੇ ਸਟਾਫ ਪੰਜਾਬੀ, ਅਰਬੀ, ਚੀਨੀ, ਸਪੇਨੀ, ਕੋਰੀਅਨ, ਟੈਗਲੌਗ ਅਤੇ ਕਈ ਹੋਰ ਬੋਲੀਆਂ ਵਿੱਚ ਸੈਟਲ ਹੋਣ ਬਾਰੇ ਮਦਦ ਅਤੇ ਸੇਧ ਪ੍ਰਦਾਨ ਕਰ ਸਕਦਾ ਹੈ।
- ਖੇਡਾਂ ਅਤੇ ਸਰੀਰਕ ਸਰਗਰਮੀਆਂ ਨੂੰ ਉਤਸ਼ਾਹ ਦੇਣ ਲਈ ਖੇਡਾਂ ਦੇ ਮੈਦਾਨ, ਖੇਡਾਂ ਲਈ ਥਾਂਵਾਂ ਅਤੇ ਮਨੋਰੰਜਨ ਦੇ ਪ੍ਰੋਗਰਾਮ
- ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਦਿਲਚਸਪੀਆਂ ਬਾਰੇ ਜਾਣਨ ਅਤੇ ਟੀਮਵਰਕ, ਵਿਅਕਤੀਗਤ ਅਤੇ ਗਰੁੱਪ ਦੇ ਪੱਧਰ ਦੀ ਜ਼ਿੰਮੇਵਾਰੀ ਦੀ ਕੀਮਤ ਅਤੇ ਸਭਿਆਚਾਰ ਅਤੇ ਭਾਈਚਾਰੇ ਦੀ ਭਾਵਨਾ ਬਾਰੇ ਸਿੱਖਣ ਲਈ ਉਤਸ਼ਾਹਿਤ ਕਰਨ ਲਈ ਕਲੱਬਾਂ ਅਤੇ ਪ੍ਰੋਗਰਾਮ ਜਿਹਨਾਂ ਵਿੱਚ ਡਰਾਮੇ, ਲੀਡਰਸ਼ਿੱਪ, ਹਿਸਾਬ, ਸਾਇੰਸ ਅਤੇ ਹੋਰ ਕਈ ਚੀਜ਼ਾਂ ਨਾਲ ਸੰਬੰਧਿਤ ਕਲੱਬਾਂ ਅਤੇ ਪ੍ਰੋਗਰਾਮ ਸ਼ਾਮਲ ਹਨ।

ਵਿਦਿਆਰਥੀਆਂ ਦੀ ਵਿਦਿਆ ਅਤੇ ਕਾਮਯਾਬੀ ਵਿੱਚ ਮਾਪੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਸੀਂ ਤੁਹਾਨੂੰ ਆਪਣੇ ਸਕੂਲ ਨਾਲ ਬਾਕਾਇਦਾ ਸੰਚਾਰ, ਸ਼ਮੂਲੀਅਤ ਅਤੇ ਸਹਿਯੋਗ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਜੇ ਤੁਹਾਡਾ ਕੋਈ ਸਵਾਲ ਹੋਵੇ ਜਾਂ ਜੇ ਤੁਹਾਨੂੰ ਕਿਸੇ ਵਾਧੂ ਮਦਦ ਦੀ ਲੋੜ ਹੋਵੇ ਤਾਂ ਆਪਣੇ ਬੱਚੇ ਦੇ ਟੀਚਰ, ਕਾਊਂਸਲਰ, ਸਕੂਲ ਦੇ ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ, ਵੈਲਕਮ ਸੈਂਟਰ ਜਾਂ ਸਾਡੇ ਦਫਤਰ ਦੇ ਸਟਾਫ ਨਾਲ ਬੇਝਿਜਕ ਸੰਪਰਕ ਕਰੋ।

ਸਾਰੇ ਸਕੂਲ ਸਾਲ ਦੌਰਾਨ ਅਸੀਂ ਤੁਹਾਡੇ ਨਾਲ ਤੁਹਾਡੇ ਬੱਚੇ ਬਾਰੇ ਗੱਲਬਾਤ ਕਰਨ ਲਈ ਉਪਲਬਧ ਹਾਂ- ਭਾਵੇਂ ਇਹ ਸਕੂਲ ਦੇ ਕੰਮ ਬਾਰੇ ਹੋਵੇ ਜਾਂ ਕੋਈ ਹੋਰ ਸਰੋਕਾਰ ਹੋਵੇ।

ਸਾਡੇ ਸਕੂਲ ਵਿੱਚ ਤੁਹਾਡੇ ਬੱਚੇ ਦੀ ਕਦਰ ਅਤੇ ਸਤਿਕਾਰ ਕੀਤਾ ਜਾਵੇਗਾ ਅਤੇ ਉਸ ਲਈ ਮਦਦ ਉਪਲਬਧ ਹੋਵੇਗੀ - ਅਸੀਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਜਾਣਨ ਲਈ ਉਤਸਕ ਹਾਂ।

ਹੋਰ ਜਾਣਕਾਰੀ ਲਈ ਕਿਊ ਆਰ ਕੋਡ ਨੂੰ ਸਕੈਨ ਕਰੋ ਜਾਂ www.surreyschools.ca 'ਤੇ ਜਾਉ।

Surrey Schools
LEADERSHIP IN LEARNING